ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ (ਪੰਜਾਬ)

ਫੋਨ ਨੰ: 0172-2212221, ਈ.ਮੇਲ: **scertaffiliation@punjabeducation.gov.in**

ਵੱਲ

ਡਾਇਰੈਕਟਰ,
National Institute of Technical Teachers Training and Research (NITTTR),
ਚੰਡੀਗੜ੍ਹ

ਮੀਮੋ ਨੰ.: ਈ.1232646
ਮਿਤੀ, ਐਸ.ਏ.ਐਸ. ਨਗਰ: 10/11/2026

ਵਿਸ਼ਾ: ਡੀ.ਐਲ.ਐਡ. ਸੈਸ਼ਨ 2026-28 ਦੀ ਪ੍ਰਵੇਸ਼ ਪ੍ਰੀਖਿਆ ਦੌਰਾਨ ਯੋਗ ਉਮੀਦਵਾਰਾਂ ਨੂੰ ਸਹਾਇਕ ਲੇਖਕ (Scribe) ਦੀ ਸਹੂਲਤ ਪ੍ਰਦਾਨ ਕਰਨ ਸਬੰਧੀ ਹਦਾਇਤਾਂ।

ਹਵਾਲਾ: ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (Disability Cell) ਦਾ ਪੱਤਰ ਨੰ. SSWCD-5/13/2025-3DC-1385191 ਮਿਤੀ 07.05.2026, *"Guidelines for provision of scribe for written examination for Persons with Benchmark Disabilities, 2026."*

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਡੀ.ਐਲ.ਐਡ. ਸੈਸ਼ਨ 2026-28 ਦੀ ਪ੍ਰਵੇਸ਼ ਪ੍ਰੀਖਿਆ ਦੌਰਾਨ Persons with Benchmark Disabilities ਨੂੰ Scribe/Reader ਦੀ ਸਹੂਲਤ ਪੰਜਾਬ ਸਰਕਾਰ ਵੱਲੋਂ ਜਾਰੀ ਉਪਰੋਕਤ ਗਾਈਡਲਾਈਨਜ਼ ਅਨੁਸਾਰ ਹੀ ਪ੍ਰਦਾਨ ਕੀਤੀ ਜਾਣੀ ਹੈ। ਉਕਤ ਗਾਈਡਲਾਈਨਜ਼ Regular ਅਤੇ Competitive examinations ਦੋਵਾਂ ਉੱਤੇ ਲਾਗੂ ਹਨ।

ਇਸ ਸਬੰਧੀ ਆਪ ਜੀ ਨੂੰ ਹੇਠ ਲਿਖੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਕਿਹਾ ਜਾਂਦਾ ਹੈ:-

1. Scribe ਦੀ ਸਹੂਲਤ ਕੇਵਲ ਯੋਗ ਉਮੀਦਵਾਰ ਨੂੰ ਹੀ ਦਿੱਤੀ ਜਾਵੇ। Rights of Persons with Disabilities Act, 2016 ਅਧੀਨ Person with Benchmark Disability, ਜਿਸ ਨੂੰ ਲਿਖਣ ਵਿੱਚ, ਜਿਸ ਵਿੱਚ writing speed ਵੀ ਸ਼ਾਮਲ ਹੈ, limitation ਹੋਵੇ ਅਤੇ ਉਹ Scribe ਦੀ ਮੰਗ ਕਰਦਾ ਹੋਵੇ, ਨੂੰ ਹਦਾਇਤਾਂ ਅਨੁਸਾਰ ਇਹ ਸਹੂਲਤ ਦਿੱਤੀ ਜਾ ਸਕਦੀ ਹੈ।
2. Blindness, Locomotor Disability (Both Arms affected-BA) ਅਤੇ Cerebral Palsy ਵਾਲੇ Persons with Benchmark Disabilities ਨੂੰ, ਜੇਕਰ ਉਮੀਦਵਾਰ ਵੱਲੋਂ ਮੰਗ ਕੀਤੀ ਜਾਂਦੀ ਹੈ, Scribe/Reader ਦੀ ਸਹੂਲਤ ਦਿੱਤੀ ਜਾਵੇ।
3. ਹੋਰ Benchmark Disability categories ਦੇ ਮਾਮਲੇ ਵਿੱਚ Scribe ਦੀ ਸਹੂਲਤ ਕੇਵਲ ਉਸ ਸੂਰਤ ਵਿੱਚ ਦਿੱਤੀ ਜਾਵੇ ਜਦੋਂ ਉਮੀਦਵਾਰ ਵੱਲੋਂ ਸਿਵਲ ਸਰਜਨ ਦਾ ਸਰਟੀਫਿਕੇਟ ਪੇਸ਼ ਕੀਤਾ ਜਾਵੇ ਕਿ ਉਸ ਨੂੰ ਲਿਖਣ ਵਿੱਚ physical limitation ਹੈ ਅਤੇ ਪ੍ਰੀਖਿਆ ਲਿਖਣ ਲਈ Scribe ਲਾਜ਼ਮੀ ਹੈ।

4. ਯੋਗ ਉਮੀਦਵਾਰ ਨੂੰ ਆਪਣਾ Scribe ਲਿਆਉਣ ਜਾਂ Examination Body ਤੋਂ Scribe ਮੁਹੱਈਆ ਕਰਵਾਉਣ ਦੀ ਚੋਣ ਦਾ ਅਧਿਕਾਰ ਹੋਵੇਗਾ।
5. ਜੇਕਰ Scribe Examination Body ਵੱਲੋਂ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ Scribe/Reader ਦੀ ਵਿੱਦਿਅਕ ਯੋਗਤਾ ਘੱਟੋ-ਘੱਟ ਦਸਵੀਂ ਜਾਂ ਇਸ ਤੋਂ ਉੱਪਰ ਹੋਣੀ ਚਾਹੀਦੀ ਹੈ।
6. ਜੇਕਰ ਉਮੀਦਵਾਰ ਆਪਣਾ Scribe ਲਿਆਉਂਦਾ ਹੈ ਤਾਂ Scribe ਦੀ ਵਿੱਦਿਅਕ ਯੋਗਤਾ ਪ੍ਰੀਖਿਆ ਦੇਣ ਵਾਲੇ ਉਮੀਦਵਾਰ ਦੀ ਵਿੱਦਿਅਕ ਯੋਗਤਾ ਤੋਂ ਇੱਕ ਪੱਧਰ ਹੇਠਾਂ ਹੋਣੀ ਚਾਹੀਦੀ ਹੈ।
7. Own Scribe ਨਾਲ ਆਉਣ ਵਾਲੇ ਉਮੀਦਵਾਰ ਤੋਂ Scribe ਦਾ ਨਾਮ, ਵਿੱਦਿਅਕ ਯੋਗਤਾ, ਪਛਾਣ ਵੇਰਵਾ ਅਤੇ ਹੋਰ ਲੋੜੀਂਦੀ ਜਾਣਕਾਰੀ/Declaration ਪ੍ਰਾਪਤ ਕਰਕੇ ਪ੍ਰੀਖਿਆ ਕੇਂਦਰ ਦੇ ਰਿਕਾਰਡ ਵਿੱਚ ਰੱਖੀ ਜਾਵੇ।
8. Centre Incharge/Superintendent ਵੱਲੋਂ Scribe ਦੀ ਸਹੂਲਤ ਦੇਣ ਤੋਂ ਪਹਿਲਾਂ ਉਮੀਦਵਾਰ ਦੀ ਯੋਗਤਾ, Civil Surgeon certificate ਜਿੱਥੇ ਲਾਗੂ ਹੋਵੇ, Scribe ਦੀ ਵਿੱਦਿਅਕ ਯੋਗਤਾ ਅਤੇ ਪਛਾਣ ਸਬੰਧੀ ਦਸਤਾਵੇਜ਼ਾਂ ਦੀ ਜਾਂਚ ਕਰਨੀ ਯਕੀਨੀ ਬਣਾਈ ਜਾਵੇ।
9. ਐਮਰਜੈਂਸੀ ਦੀ ਸਥਿਤੀ ਵਿੱਚ Scribe/Reader ਵਿੱਚ ਤਬਦੀਲੀ ਕਰਨ ਸਬੰਧੀ ਗਾਈਡਲਾਈਨਜ਼ ਵਿੱਚ ਦਿੱਤੀ flexibility ਦੀ ਪਾਲਣਾ ਕੀਤੀ ਜਾਵੇ।
10. Scribe ਦੀ ਸਹੂਲਤ ਪ੍ਰਾਪਤ ਕਰਨ ਵਾਲੇ ਹਰ ਉਮੀਦਵਾਰ ਸਬੰਧੀ ਵੱਖਰਾ ਰਿਕਾਰਡ/Declaration ਅਤੇ ਲੋੜੀਂਦੇ ਦਸਤਾਵੇਜ਼ ਪ੍ਰੀਖਿਆ ਕੇਂਦਰ 'ਤੇ ਸੰਭਾਲ ਕੇ ਰੱਖੇ ਜਾਣ ਅਤੇ ਲੋੜ ਪੈਣ 'ਤੇ ਇਸ ਦਫ਼ਤਰ/NITTTR ਨੂੰ ਪੇਸ਼ ਕੀਤੇ ਜਾਣ।

ਉਪਰੋਕਤ ਹਦਾਇਤਾਂ ਦੀ ਪਾਲਣਾ ਪੰਜਾਬ ਸਰਕਾਰ ਵੱਲੋਂ ਜਾਰੀ Guidelines for provision of scribe for written examination for Persons with Benchmark Disabilities, 2026 ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਡਾ. ਬਲਜੀਤ ਕੌਰ,
ਸਹਾਇਕ ਡਾਇਰੈਕਟਰ (ਐਫੀਲਿਏਸ਼ਨ)
ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।